## ਮਨੋਵਿਗਿਆਨ- ਬਾਰਵੀਂ

ਸਮੈਸਟਰ-II (ਮਾਡਲ ਪ੍ਰਸ਼ਨ ਪੱਤਰ)

ਸਮਾਂ-3 ਘੰਟੇ ਕੁੱਲ ਅੰਕ-70

ਨੋਟ: 1. ਪ੍ਰਸ਼ਨ ਨੰ 1 ਲਾਜਮੀ ਹੈ। ਇਸ ਵਿੱਚ 20 ਪ੍ਰਸ਼ਨ ਹਨ ਅਤੇ ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬ ਹਨ।

2. ਹਰ ਯੁਨਿਟ ਵਿੱਚੋਂ ਇੱਕ ਪ੍ਰਸ਼ਨ ਕਰਦੇ ਹੋਏ ਕੁੱਲ ਪੰਜ ਪ੍ਰਸ਼ਨ ਕਰਨੇ ਹਨ। ਹਰ ਪ੍ਰਸ਼ਨ 10 ਅੰਕ ਦਾ ਹੈ।

**ਪ੍ਰਸ਼ਨ 1 (ੳ) ਖਾਲੀ ਥਾਵਾਂ ਭਰੋ:-**

1. ਨਵੀਂ ਸਥਿਤੀ ਵਿੱਚ ਸੁਚੇਤ ਸਮਯੰਜਨ ਨੂੰ __________ ਕਹਿੰਦੇ ਹਨ।
2. ਸਖਸ਼ੀਅਤ ਸ਼ਬਦ ਲਤੀਨੀ ਭਾਸ਼ਾ ਦੇ ___________ ਸ਼ਬਦ ਤੋਂ ਲਿਆ ਗਿਆ ਹੈ।
3. ਸਮਾਜਿਕ, ਮਿਲਣਸਾਰ ਅਤੇ ਸਾਹਸੀ ਵਿਅਕਤੀ _________ ਹੁੰਦੇ ਹਨ।
4. _________ ਮਾਨਸਿਕ ਕਿਰਿਆ ਦਾ ਇੱਕ ਗਿਆਨਾਤਮਕ ਪੱਖ ਹੈ।
5. ਚਿੰਤਨ ਇੱਕ _________ ਕਿਰਿਆ ਹੈ। 5

**(ਅ) ਸਹੀ/ਗਲਤ ਦਾ ਨਿਸ਼ਾਨ ਲਗਾਓ:-**

1. ਚਿੰਤਨ ਹਰ ਵੇਲੇ ਗਤੀਸ਼ੀਲ ਹੈ ਪਰ ਇਸਦੀ ਵਿਆਖਿਆ ਕਰਨਾ ਮੁਸ਼ਕਿਲ ਹੈ।
2. ਸਮੂਹਿਕ ਬੁੱਧੀ ਪ੍ਰੀਖਿਆ ਇੱਕ ਸਮੂਹ ਲਈ ਤਿਆਰ ਕੀਤੀ ਜਾਂਦੀ ਹੈ।
3. ਬਾਲ ਅਪਰਾਧੀ ਪੰਜ ਤਰਾਂ ਦੇ ਹੁੰਦੇ ਹਨ।
4. ਹਰ ਸਖਸ਼ੀਅਤ ਅਦੁਤੀ ਅਤੇ ਅਨੁਪਮ ਹੁੰਦੀ ਹੈ।
5. ਧਿਆਨ ਅਤੇ ਰੁੱਚੀ ਚਿੰਤਨ ਵਿੱਚ ਸਹਾਇਕ ਨਹੀਂ ਹੁੰਦੇ। 5

**(ੲ) ਸੰਖੇਪ ਵਿੱਚ ਉੱਤਰ ਦਿਓ:-**

1. ਮਨੋਵਿਗਿਆਨ ਦੀ ਪਰਿਭਾਸ਼ਾ ਲਿਖੋ।
2. ਫਰਿਉਡ(Freud) ਦੇ ਅਨੁਸਾਰ ਮਨ ਦੀਆਂ ਤਿੰਨ ਅਵਸਥਾਵਾਂ ਦੇ ਨਾਮ ਲਿਖੋ।
3. ਅੰਤਰਮੁਖੀ ਸਖਸ਼ੀਅਤ ਦੀਆਂ ਦੋ ਵਿਸ਼ਸਤਾਵਾਂ ਦੱਸੋ।
4. ਇਡ ਦੀ ਪਰਿਭਾਸ਼ਾ ਲਿਖੋ।
5. ਡਬਲਿਊ ਐਚ ਓ (W.H.O) ਨੂੰ ਵਿਸਥਾਰ ਵਿੱਚ ਲਿਖੋ।
6. ਵਿਅਕਤਿਕ ਬੁੱਧੀ ਪ੍ਰੀਖਿਆ ਕੀ ਹੁੰਦੀ ਹੈ।
7. ਸੰਘਰਸ਼ ਦੀ ਪਰਿਭਾਸ਼ਾ ਲਿਖੋ।
8. ਸਪੀਅਰਮੈਨ(Spearman) ਦੇ ਦੋ ਕਾਰਕ ਸਿਧਾਂਤ ਦੇ ਦੋਨੋ ਕਾਰਕ ਲਿਖੋ।
9. ਬੁੱਧੀ ਫਲ ਕੱਢਣ ਦਾ ਫਾਰਮੂਲਾ ਲਿਖੋ।
10. ਸਖਸ਼ੀਅਤ ਦੀ ਪਰਿਭਾਸ਼ਾ ਲਿਖੋ।

**ਯੂਨਿਟ–I**

1. ਚਿੰਤਨ ਕੀ ਹੈ? ਚਿੰਤਨ ਵਿੱਚ ਭਾਸ਼ਾ ਦੀ ਭੂਮਿਕਾ ਦੀ ਵਿਆਖਿਆ ਕਰੋ। 10
2. ਦਲੀਲ ਦੀ ਪਰਿਭਾਸ਼ਾ ਦਿਉ। ਦਲੀਲ ਦੇ ਵੱਖ–ਵੱਖ ਪੜਾਵਾਂ ਦੀ ਵਿਆਖਿਆ ਕਰੋ। 10

**ਯੂਨਿਟ–II**

3. ਮਾਨਸਿਕ ਸਿਹਤ ਤੋਂ ਕੀ ਭਾਵ ਹੈ ? ਇੱਕ ਮਾਨਸਿਕ ਰੂਪ ਨਾਲ ਸਿਹਤਮੰਦ ਵਿਅਕਤੀ ਦੀ ਵਿਸ਼ੇਸਤਾਵਾਂ ਲਿਖੋ। 10
4. ਬਾਲ–ਅਪਰਧ ਤੋਂ ਕੀ ਭਾਵ ਹੈ ? ਇਸ ਦੇ ਕਾਰਨ ਅਤੇ ਰੋਕਣ ਦੇ ਉਪਾਅ ਦੱਸੋ। 10

**ਯੂਨਿਟ–III**

5. ਥਰਸਟਨ ਦੇ ਮੁੱਢਲੀਆਂ ਮਾਨਸਿਕ ਯੋਗਤਾਵਾਂ ਦੇ ਸਿਧਾਂਤ ਦੀ ਵਿਆਖਿਆ ਕਰੋ। 10
6. ਬੁੱਧੀ ਦੇ ਵਿਕਾਸ ਵਿੱਚ ਵਿਰਸੇ ਅਤੇ ਵਾਤਾਵਰਣ ਦੀ ਕੀ ਭੂਮਿਕਾ ਹੈ ? 10

**ਯੂਨਿਟ–IV**

7. ਸਖਸ਼ੀਅਤ ਦੀ ਪਰਿਭਾਸ਼ਾ ਦਿਉ ਅਤੇ ਇਸਦੇ ਪ੍ਰਕਾਰ ਦੱਸੋ। 10
8. ਯੁੰਗ ਦੇ ਸਖਸ਼ੀਅਤ ਦੇ ਵਿਸ਼ਲੇਸਣਾਤਮਕ ਸਿਧਾਂਤ ਦੀ ਵਿਆਖਿਆ ਕਰੋ। 10

**ਯੂਨਿਟ–V**

9. ਹੇਠ ਲਿਖੇ ਆਂਕੜਿਆਂ ਦਾ ਮੱਧ ਅੰਕ(Median)ਕੱਢੋ। 10

| **C.I** | **F** |
|---|---|
| 90-91 | 2 |
| 85-89 | 3 |
| 80-84 | 6 |
| 75-79 | 7 |
| 70-74 | 10 |
| 65-69 | 6 |
| 60-64 | 3 |
| 55-59 | 2 |
| 50-54 | 1 |
| | N-40 |

10. ਪ੍ਰਸ਼ਨ ਨੰਬਰ 9 ਦੇ ਅੰਕੜਿਆਂ ਦਾ ਮਾਨਕ ਵਿਚਲਨ (S.D) ਕੰਢੋ।